PUNJABI

**ਪ੍ਰਸਾਰ ਸਾਧਨ ਦੁਆਰਾ ਪ੍ਰਕਾਸ਼ਤ**
**ਵੀਰਵਾਰ, 14 ਜਨਵਰੀ 2010, ਸਵੇਰ ਦੇ 6 ਵਜੇ ਏ ਈ ਡੀ ਟੀ ਤੱਕ ਪਬੰਦੀਸ਼ੁਦਾ**

## 10 ਵਿੱਚੋਂ 9 ਆਸਟ੍ਰੇਲੀਅਨ ਕਹਿੰਦੇ ਹਨ ਕਿ ਆਸਟ੍ਰੇਲੀਆ ਡੇ ਸਮਾਗਮਾਂ ਲਈ ਆਦਿਵਾਸੀ ਸਭਿਅਤਾ ਅਤੇ ਬਹੁ ਸਭਿਅਕ ਵਿਭਿੰਨਤਾ ਮਹੱਤਵ ਪੂਰਨ ਹੈ

ਨੈਸ਼ਨਲ ਆਸਟ੍ਰੇਲੀਆ ਡੇ ਕੌਂਸਿਲ ਦੇ ਇੱਕ ਸਰਵੇ ਵਿੱਚ ਪਾਇਆ ਗਿਆ ਹੈ ਕਿ ਆਸਟ੍ਰੇਲੀਆ ਦੇ 90 ਪ੍ਰਤੀਸ਼ਤ ਵਾਸੀਆਂ ਦਾ ਯਕੀਨ ਹੈ ਕਿ ਆਸਟ੍ਰੇਲੀਆ ਦੇ ਆਦਿਵਾਸੀਆਂ ਅਤੇ ਸਭਿਅਤਾ ਨੂੰ, ਆਸਟ੍ਰੇਲੀਆ ਡੇ ਸਮਾਗਮਾਂ ਦੇ ਹਿੱਸੇ ਵਜੋਂ ਮਾਨਤਾ ਦੇਣੀ ਮਹੱਤਵ ਪੂਰਨ ਹੈ ਅਤੇ ਸਮਾਨ ਹਿੱਸਾ (89 ਪ੍ਰਤੀਸ਼ਤ) ਕਹਿੰਦਾ ਹੈ, ਆਪਣੀ ਕੌਮ ਦੀ ਸੱਭਿਅਚਾਰਕ ਵਿਭਿੰਨਤਾ ਨੂੰ ਪਛਾਨਣਾ ਮਹੱਤਵ ਪੂਰਨ ਹੈ।

ਹਰ ਉਮਰ ਵਰਗ ਅਤੇ ਜਨ ਅੰਕੜਿਆਂ ਅਨੁਸਾਰ ਬਹੁਤ ਭਾਰੀ ਭਾਵਨਾਵਾਂ ਹੁੰਦੇ ਹੋਏ, ਪਿਛਲੇ ਦਹਾਕਿਆਂ ਵਿੱਚ ਅਵਾਸ ਅਤੇ ਮੇਲ ਮਿਲਾਪ ਵਿੱਚ ਵਾਧਾ, ਆਸਟ੍ਰੇਲੀਆਈ ਸਮਾਜ ਦੇ ਬਦਲਾਉ ਨੂੰ ਦਰਸਾਉਂਦੇ ਹੋਏ, ਇਹ 18 ਤੋਂ 34 ਸਾਲ ਦੇ ਆਸਟ੍ਰੇਲੀਆ ਵਾਸੀਆਂ ਵਿੱਚ ਖਾਸ ਤੌਰ ਤੇ ਹਰਮਨ ਪਿਆਰੀਆਂ ਹਨ।

50 ਸਾਲ ਤੋਂ ਵੱਧ ਉਮਰ ਦੇ 88 ਪ੍ਰਤੀਸ਼ਤ ਲੋਕਾਂ ਦੇ ਮੁਕਾਬਲੇ, 18 ਤੋਂ 34 ਸਾਲ ਦੇ 94 ਪ੍ਰਤੀਸ਼ਤ ਅਨੁਸਾਰ ਆਸਟ੍ਰੇਲੀਆ ਦੇ ਆਦਿਵਾਸੀਆਂ ਅਤੇ ਸਭਿਅਤਾ ਨੂੰ ਸਮਾਗਮਾਂ ਵਿੱਚ ਮਾਨਤਾ ਦੇਣੀ ਮਹੱਤਵ ਪੂਰਨ ਹੈ। ਇਸੇ ਤਰ੍ਹਾਂ ਹੀ, 84 ਪ੍ਰਤੀਸ਼ਤ ਪੁਰਾਣੀ ਪੀੜ੍ਹੀ ਦੇ ਮੁਕਾਬਲੇ, 95 ਪ੍ਰਤੀਸ਼ਤ ਜਵਾਨ ਪੀੜ੍ਹੀ ਨੇ ਸੱਭਿਅਚਾਰਕ ਵਿਭਿੰਨਤਾ ਦੀ ਪਛਾਣ ਦੀ ਹਮਾਇਤ ਕੀਤੀ।

ਨੈਸ਼ਨਲ ਆਸਟ੍ਰੇਲੀਆ ਡੇ ਕੌਂਸਿਲ ਦੇ ਚੀਫ਼ ਐਗਜ਼ੈਕਟਿਵ ਵੌਰਨ ਪੀਅਰਸਨ ਨੇ ਕਿਹਾ "ਸਰਵੇਖਣ ਦੇ ਸਿੱਟੇ ਹੁਣ ਸਾਡੀ ਕੌਮੀ ਵਿਭਿੰਨਤਾ, ਆਸਟ੍ਰੇਲੀਅਨਾਂ ਦੀ ਬਦਲਦੀ ਦਿੱਖ ਅਤੇ ਆਦਿਵਾਸੀ ਮੁੱਦਿਆਂ ਪ੍ਰਤੀ ਲੋਕਾਂ ਦੀ ਸੋਚ ਵਿੱਚ ਭਾਰੀ ਬਦਲਾਉ ਅਤੇ ਆਦਿਵਾਸੀ ਸੱਭਿਅਚਾਰ ਦੀ ਵਧਦੀ ਹੋਈ ਪ੍ਰਸ਼ੰਸਾ ਨੂੰ ਦਰਸਾਉਂਦੇ ਹਨ"।

ਜੋ ਆਸਟ੍ਰੇਲੀਅਨ ਕਹਿ ਰਹੇ ਹਨ ਉਹ ਇਹ ਨਹੀਂ ਕਿ ਸਾਨੂੰ ਇੱਕ ਤੋਂ ਵੱਧਕੇ ਦੂਜੀ ਚੀਜ਼ ਨੂੰ ਮਾਨਤਾ ਦੇਣੀ ਚਾਹੀਦੀ ਹੈ, ਪਰ ਸਾਡੇ ਕੌਮੀ ਸਮਾਗਮਾਂ ਨੂੰ ਉਹ ਬਹੁਤ ਸਾਰੀਆਂ ਚੀਜ਼ਾਂ ਜੋ ਆਸਟ੍ਰੇਲੀਆ ਨੂੰ, ਜੋ ਇਹ ਹੈ, ਬਣਾਉਂਦੀਆਂ ਹਨ, ਦਰਸਾਉਂਣੀਆਂ ਚਾਹੀਦੀਆਂ ਹਨ।

ਇਹ ਬਹੁਤ ਵਧੀਆ ਹੈ ਕਿ ਆਸਟ੍ਰੇਲੀਅਨ ਆਪਣੇ ਆਪ ਨੂੰ, ਸੱਭਿਅਚਾਰਾਂ ਅਤੇ ਵਿਰਸੇ ਦੇ ਸ਼ਾਨਦਾਰ ਮੇਲ ਦੀ ਇਕਾਈ ਦੇ ਤੌਰ ਤੇ ਦੇਖਦੇ ਹਨ ਅਤੇ ਉਹ ਇਸ ਮੇਲ ਵਿੱਚ ਆਪਣੇ ਸਥਾਨ ਨੂੰ ਮਨਾਉਣਾ ਚਾਹੁੰਦੇ ਹਨ।

ਆਸਟ੍ਰੇਲੀਆ ਡੇ ਦਾ ਮਤਲਬ ਵੱਖਰੇ ਲੋਕਾਂ ਲਈ ਵੱਖਰਾ ਵੱਖਰਾ ਹੈ ਅਤੇ ਹੁਣ ਅਸੀਂ ਵੇਖ ਰਹੇ ਹਾਂ ਕਿ ਬਹੁਤ ਸਾਰੇ ਪ੍ਰਭਾਵ ਜਿਹੜੇ ਆਸਟ੍ਰੇਲੀਆ ਨੂੰ ਮਹਾਨ ਬਣਾਉਂਦੇ ਹਨ, ਦੀ ਲੋਕ ਕਿੰਨੀ ਕਦਰ ਕਰਦੇ ਹਨ।

ਸਰਵੇਖਣ ਨੇ ਇਹ ਵੀ ਪ੍ਰਗਟਾਵਾ ਕੀਤਾ ਹੈ ਕਿ ਆਸਟ੍ਰੇਲੀਅਨ ਆਪਣੇ ਆਪ ਨੂੰ ਕਾਹਲ ਰਹਿਤ ਅਤੇ ਅਰਾਮਦਾਇਕ ਮੰਨਦੇ ਹਨ, ਸਰਵੇ ਕੀਤੇ ਵਿਅਕਤੀਆਂ ਵਿਚੋਂ 44 ਪ੍ਰਤੀਸ਼ਤ, ਆਸਟ੍ਰੇਲੀਅਨ ਲੋਕਾਂ ਨੂੰ ਦਰਸਾਉਣ ਲਈ ਲਾਪਰਵਾਹ, ਅਰਾਮਦਾਇਕ ਅਤੇ ਚਿੰਤਾ ਰਹਿਤ ਆਦਿ ਸ਼ਬਦਾਂ ਜਾਂ ਵਿਸ਼ੇਸ਼ਣਾ ਦੀ ਵਰਤੋਂ ਕਰਦੇ ਹਨ।

PUNJABI

ਸਰਵੇਖਣ ਦੇ ਅਨੁਸਾਰ, ਸਾਲ ਦੇ ਇਸ ਸਮੇਂ ਤੇ ਆਸਟ੍ਰੇਲੀਅਨ ਆਪਣੇ ਕੌਮੀ ਇਤਿਹਾਸ ਅਤੇ ਭਵਿੱਖ ਨੂੰ ਬਰਾਬਰ ਵਿਅਕਤ ਕਰਦੇ ਹਨ, 44 ਪ੍ਰਤੀਸ਼ਤ ਮੰਨਦੇ ਹਨ ਕਿ ਆਸਟ੍ਰੇਲੀਆ ਡੇ ਤੇ ਗੁਜਰੇ ਸਮੇਂ ਵਾਰੇ ਸੋਚਣਾ ਬਹੁਤ ਮਹੱਤਵ ਪੂਰਨ ਹੈ ਅਤੇ 41 ਪ੍ਰਤੀਸ਼ਤ ਕਹਿੰਦੇ ਹਨ ਕਿ ਉਹ ਆਪਣੇ ਭਵਿੱਖ ਨੂੰ ਵੇਖਦੇ ਹਨ। ਸਿਰਫ 13 ਪ੍ਰਤੀਸ਼ਤ ਸੋਚਦੇ ਹਨ ਕਿ ਇਸ ਸਮੇਂ ਵਰਤਮਾਨ ਵਾਰੇ ਸੋਚਣਾ ਮਹੱਤਵ ਪੂਰਨ ਹੈ ਅਤੇ 3 ਪ੍ਰਤੀਸ਼ਤ ਯਕੀਨਨ ਨਹੀਂ ਸਨ।

ਸ਼੍ਰੀ ਮਾਨ ਪੀਅਰਸਨ ਨੇ ਕਿਹਾ ਕਿ ਤੱਥ ਇੱਕ ਹਾਂ ਪੱਖੀ ਸਿੱਟਾ ਸਨ ਜਦ ਲੋਕ ਆਸਟ੍ਰੇਲੀਆ ਡੇ ਨੂੰ ਜਿਆਦਾ ਅਰਥ ਪੂਰਨ ਬਣਾਉਂਦੇ ਹਨ।

ਸ਼੍ਰੀ ਮਾਨ ਪੀਅਰਸਨ ਨੇ ਕਿਹਾ "ਇਸ ਤੋਂ ਪਤਾ ਲੱਗਦਾ ਹੈ ਕਿ ਅਸੀਂ ਉਸ ਵਾਰੇ ਸੋਚਦੇ ਹਾਂ ਜਿੱਥੋਂ ਅਸੀਂ ਆਏ ਹਾਂ ਅਤੇ ਸਿਰਫ ਜਨਤਕ ਛੁੱਟੀ ਦਾ ਆਨੰਦ ਮਾਨਣ ਦੀ ਬਜਾਇ, ਅਸੀਂ ਆਸਟ੍ਰੇਲੀਆ ਨੂੰ ਵਧੀਆ ਜਗ੍ਹਾ ਕਿਵੇਂ ਬਣਾ ਸਕਦੇ ਹਾਂ"?

ਆਸਟ੍ਰੇਲੀਆ ਡੇ ਉਹ ਦਿਨ ਹੈ ਜਦੋਂ ਅਸੀਂ ਆਸਟ੍ਰੇਲੀਅਨ ਹੁੰਦੇ ਹੋਏ ਆਸਟ੍ਰੇਲੀਆ ਨੂੰ ਮਨਾਉਣ ਲਈ ਇੱਕ ਰਾਸ਼ਟਰ ਦੇ ਤੌਰ ਤੇ ਇਕੱਠੇ ਹੁੰਦੇ ਹਾਂ।

ਲੋਕ ਸਿਰਫ ਖਾਸ ਮੌਕੇ ਨੂੰ ਮਨਾਉਂਦੇ ਹੀ ਨਹੀਂ ਹਨ, ਉਹ ਇਹ ਵੀ ਵਿਚਾਰਦੇ ਹਨ ਕਿ ਇਸ ਦਾ ਅਸਲੀ ਭਾਵ ਕੀ ਹੈ।

ਸਾਰੇ ਦੇਸ਼ ਵਿੱਚ ਆਸਟ੍ਰੇਲੀਆ ਡੇ ਦੇ ਪ੍ਰੋਗਰਾਮਾ ਵਾਰੇ ਹੋਰ ਜਾਣਕਾਰੀ ਲਈ, www.australiaday.org.au ਤੇ ਜਾਉ ਜਾਂ ਆਪਣੇ ਰਾਜ ਜਾਂ ਇਲਾਕੇ ਦੀ ਆਸਟ੍ਰੇਲੀਆ ਡੇ ਕਮੇਟੀ ਨਾਲ ਸੰਪਰਕ ਕਰੋ।

* Research commissioned by National Australia Day Council and conducted by Newspoll November 2009.